
# ਮੈਂ ਕੀ ਕਰ ਸਕਦਾ ਹਾਂ ? ਮੈਂ ਕੀ ਨਹੀਂ ਕਰ ਸਕਦਾ ਹਾਂ ?ਕੈਂਪਫਾਇਰਜ਼ ਅਤੇ ਬਾਰਬੀਕਿਉ

ਵਿਕਟੋਰੀਆ ਦੇ ਰਾਜ ਦੇ ਜੰਗਲਾਂ ਅਤੇ ਪਾਰਕਾਂ ਦਾ ਦੌਰਾ ਕਰਨ ਸਮੇਂ, ਨਿੱਜੀ ਨਿੱਘ ਜਾਂ ਰਸੋਈ ਲਈ ਕੈਂਪਫਾਇਰ ਜਾਂ ਬਾਰਬੀਕਿਉ ਲਾਉਣਾ ਇੱਕ ਮਜ਼ੇਦਾਰ ਤਜਰਬਾ ਹੁੰਦਾ ਹੈ। ਹਾਲਾਂਕਿ, ਕੈਂਪਫਾਇਰ ਆਸਾਨੀ ਨਾਲ ਫੈਲ ਸਕਦੀ ਹੈ ਅਤੇ ਇੱਕ ਜੰਗਲ ਦੀ ਅੱਗ ਸ਼ੁਰੂ ਕਰ ਸਕਦੀ ਹੈ।

- ਵਿਕਟੋਰੀਆ ਵਿਚ ਪਬਲਿਕ ਜ਼ਮੀਨ ਤੇ ਪਾਬੰਦੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਫੈਲਾਓਂ ਨਾ ਹੋਵੇ ਤੇ ਸਾਡਾ ਬਸ਼ਲੈਂਡ ਸੁਰੱਖਿਅਤ ਰਹੇ। ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਤੁਹਾਡੀ ਹੈ ਕਿ ਤੁਸੀਂ ਯਾਤਰਾ ਕਰਨ ਤੋਂ ਪਹਿਲਾਂ ਕੈਂਪਫਾਇਰ ਅਤੇ ਬਾਰਬੀਕਿਉ ਨਿਯਮਾਂ ਅਤੇ ਨਿਰਦੇਸ਼ਾਂ ਨੂੰ ਸਮਝਦੇ ਹੋ।
- ਜੇ ਤੁਸੀਂ ਇਕ ਕੈਂਪਫਾਇਰ ਜਾਂ ਬਾਰਬੀਕੀਉ ਨੂੰ ਜਲਾਉਂਦੇ ਹੋ, ਤਾਂ ਤੁਸੀਂ ਇਹ ਯਕੀਨੀ ਬਣਾਉਣ ਲਈ ਕਾਨੂੰਨੀ ਤੌਰ ਤੇ ਜ਼ਿੰਮੇਵਾਰ ਹੋ ਕਿ ਇਹ ਸੁਰੱਖਿਅਤ ਹੈ, ਬਾਹਰ ਨਹੀਂ ਨਿਕਲ ਰਿਹਾ ਹੈ ਅਤੇ ਛੱਡਣ ਤੋਂ ਪਹਿਲਾਂ ਪੂਰੀ ਤਰ੍ਹਾਂ ਬੁਝ ਗਿਆ ਹੈ।

## ਅੱਗ ਜਲਾਉਣ ਦੀ ਪੂਰੀ ਪਾਬੰਦੀ ਵਾਲੇ ਦਿਨ

**ਅੱਗ ਜਲਾਉਣ ਦੀ ਪੂਰੀ ਪਾਬੰਦੀ ਵਾਲੇ ਦਿਨ = ਕੋਈ ਕੈਂਪਫਾਇਰ ਨਹੀਂ ਅਤੇ ਕੋਈ ਠੋਸ ਜਾਂ ਰਸਾਇਣਕ ਬਾਲਣ ਵਾਲਾ ਬਾਰਬੀਕਿਉ ਨਹੀਂ**




ਇਹ ਪਤਾ ਲਗਾਉਣ ਤੁਹਾਡੇ 'ਤੇ ਨਿਰਭਰ ਹੈ ਕਿ ਅੱਗ ਲਾਉਣ ਦੀ ਪੂਰੀ ਪਾਬੰਦੀ ਮੌਜੂਦ ਹੈ l ਤੁਸੀਂ ਵਿਕ ਐਮਰਜੈਂਸੀ ਹੌਟਲਾਈਨ ਨੂੰ 1800 226 226 'ਤੇ ਫੋਨ ਕਰ ਸਕਦੇ ਹੋ, ਵਿਕ ਐਮਰਜੈਂਸੀ ਐਪ ਡਾਊਨਲੋਡ ਕਰੋ ਜਾਂ emergency.vic.gov.au ਤੇ ਜਾਓl ਜੇ ਤੁਸੀਂ ਨਹੀਂ ਜਾਣਦੇ ਤੇ ਆਪਣੇ ਗੁਆਂਢੀ ਕੈਂਪ ਨੂੰ ਪੁੱਛੋ l ਜੇ ਗਰਮੀ ਹੈ ਜਾਂ ਹਨੇਰੀ ਚੱਲ ਰਹੀ ਹੈ ਤਾਂ ਆਮ ਸਮਝ ਦੀ ਵਰਤੋਂ ਕਰੋ ਅਤੇ ਕੈਂਪਫਾਇਰ ਜਾਂ ਬਾਰਬੀਕਿਉ ਨੂੰ ਨਾ ਜਲਾਓ l

## ਆਮ ਵਰਤੋਂ

**ਕੀ ਮੈਨੂੰ ਆਪਣੇ ਕੈਂਪ-ਫਾਇਰ ਜਾਂ ਠੋਸ ਈਂਧਨ ਵਾਲੇ ਬਾਰਬੀਕਿਉ ਦੇ ਆਲੇ ਦੁਆਲੇ ਨੂੰ ਸਾਫ਼ ਕਰਨਾ ਹੈ?**

ਹਾਂ l

ਆਪਣੇ ਕੈਂਪ-ਫਾਇਰ ਜਾਂ ਠੋਸ ਈਂਧਨ ਬਾਰਬੀਕਿਉl ਦੇ ਆਲੇ ਦੁਆਲੇ ਜਲਣਸ਼ੀਲ ਪਦਾਰਥ ਤੋਂ ਪਰੇ 3 ਮੀਟਰ ਹਵਾ ਅਤੇ ਜਮੀਨ ਦਾ ਘੇਰਾ ਰੱਖੋ l ਜਿੱਥੇ ਉਪਲਬਧ ਹੋਵੇ ਇੱਕ ਮਨੋਨੀਤ ਅੱਗ ਲਾਉਣ ਦੀ ਥਾਂ ਦੀ ਵਰਤੋਂ ਕਰੋl

## ਮੇਰਾ ਕੈਮ੍ਪਫਾਇਰ ਜਾਂ ਬਾਰਬੀਕਿਉ ਦਾ ਆਕਾਰ ਕਿੰਨਾ ਹੋ ਸਕਦਾ ਹੈ ?

- ਤੁਹਾਡੀ ਕੈਮਪਫਾਇਰ ਜਾਂ ਠੋਸ ਈਂਧਨ ਵਾਲੇ ਬਾਰਬੀਕਿਉ ਇਕ ਮੀਟਰ ਚੋੜਾ ਜਾਂ ਘੱਟ ਅਕਾਰ ਦੀ ਹੋਣੀ ਚਾਹੀਦੀ ਹੈ ਤੇ ਖਾਈ ਘੱਟੋ ਘੱਟ 30 ਸੈਂਟੀਮੀਟਰ ਡੂੰਘੀ ਹੋਵੇ।
- ਤੁਹਾਡੇ ਕੈਂਪ-ਫਾਇਰ ਜਾਂ ਠੋਸ ਈਂਧਨ ਵਾਲੇ ਬਾਰਬੀਕਿਉ ਤੇ ਰੱਖਿਆ ਠੋਸ ਈਂਧਨ ਇੱਕ ਮੀਟਰ ਲੰਬਾਈ ਤੋਂ ਵੱਡਾ ਨਹੀਂ ਹੋ ਸਕਦਾ।
- ਕ੍ਰਿਪਾ ਕਰਕੇ ਰਾਸ਼ਟਰੀ ਅਤੇ ਰਾਜ ਪਾਰਕਾਂ ਵਿਚ ਕੈਂਪਫਾਇਰ ਦਾ ਹਵਾਲਾ ਦੇਖੋ।

# ਮੈਂ ਕੀ ਕਰ ਸਕਦਾ ਹਾਂ ? ਮੈਂ ਕੀ ਨਹੀਂ ਕਰ ਸਕਦਾ ਹਾਂ ?
# ਕੈਂਪਫਾਇਰਜ਼ ਅਤੇ ਬਾਰਬੀਕਿਉ

## ਇੱਕ ਸਹੀ ਨਿਰਮਾਣ ਕੀਤੀ ਕੈਂਪਫਾਇਰ ਕੀ ਹੈ?

ਇੱਕ ਅੱਗ ਬਾਲਣ ਵਾਲੀ ਜਗ੍ਹਾ ਜਿਸਦਾ ਨਿਰਮਾਣ ਪੱਥਰ, ਧਾਤ, ਕੰਕਰੀਟ ਜਾਂ ਹੋਰ ਗੈਰ-ਜਲਣਸ਼ੀਲ ਸਮੱਗਰੀ ਨਾਲ ਇਸ ਤਰਾਂ ਕੀਤਾ ਗਿਆ ਹੈ ਕਿ ਉਸਦੇ ਵਿੱਚ ਅੱਗ ਘੇਰੀ ਜਾ ਸਕੇ।

## ਕੀ ਮੈਂ ਉਹ ਕੈਪਫਾਇਰ ਜਾਂ ਬਾਰਬੀਕਿਉ ਨੂੰ ਵਰਤ ਸਕਦਾ ਹਾਂ ਜੋ ਤਰਲ ਬਾਲਣ, ਗੈਸ ਈਂਧਨ ਜਾਂ ਰਸਾਇਣਕ ਠੋਸ ਈਧਨ ਵਰਤਦਾ ਹੈ?

ਹਾਂ। ਪਰ, ਤੁਹਾਨੂੰ ਆਪਣੇ ਤਰਲ, ਗੈਸ ਜਾਂ ਰਸਾਇਣਕ ਊਰਜਾ ਵਾਲੀ ਕੈਮਪਫਾਇਰ ਅਤੇ ਬਾਰਬੀਕਿਉ ਦੇ ਨੇੜੇ 3 ਮੀਟਰ ਦੀ ਹਵਾ ਅਤੇ ਜ਼ਮੀਨ ਦੀ ਘੇਰਾਬੰਦੀ ਰੱਖਣੀ ਚਾਹੀਦੀ ਹੈ ਜੋ ਜਲਣਸ਼ੀਲ ਪਦਾਰਥ ਤੋਂ ਸਾਫ਼ ਹੁੰਦਾ ਹੈ।

## ਕੀ ਮੈਂ ਆਪਣੇ ਕੈਪਫਾਇਰ ਜਾਂ ਬਾਰਬੀਕਿਉ ਨੂੰ ਬਿਨਾਂ ਨਿਗਰਾਨੀ ਤੋਂ ਛੱਡ ਸਕਦਾ ਹਾਂ?

ਨਹੀਂ

- ਇੱਕ ਜ਼ਿੰਮੇਵਾਰ ਸਿਆਣਾ ਵਿਅਕਤੀ ਤੁਹਾਡੇ ਕੈਪਫਾਇਰ ਜਾਂ ਬਾਰਬੀਕਿਉ ਜੋ ਕਿ ਠੋਸ ਬਾਲਣ ਦੀ ਵਰਤੋਂ ਕਰ ਰਿਹਾ ਹੋਵੇ ਦੀ ਹਾਜ਼ਰੀ ਵਿਚ ਹਰ ਸਮੇਂ ਨਿਗਰਾਨੀ ਕਰਨ ਲਈ ਹੋਣਾ ਚਾਹੀਦਾ ਹੈ।
- ਹਾਜ਼ਰੀ ਤੋਂ ਮਤਲਬ ਤੁਹਾਡੇ ਕੈਪਫਾਇਰ ਜਾਂ ਬਾਰਬੀਕਿਉ ਜੋ ਕਿ ਠੋਸ ਈਧਨ ਇਸਤਮਾਲ ਕਰ ਰਿਹਾ ਹੋਵੇ ਦੇ ਨਜ਼ਰ ਦੇ ਸਤਰ ਦੇ ਅੰਦਰ ਜਾਂ ਬਾਹਰੀ ਘੇਰੇ ਤੋਂ 50 ਮੀਟਰ ਦੇ ਅੰਦਰ ਹੋਵੇ।

## ਜਦੋਂ ਮੈਂ ਜਾਂਦਾ ਹਾਂ ਤਾਂ ਮੇਰੇ ਕੈਂਪ-ਫਾਇਰ ਨੂੰ ਸਹੀ ਢੰਗ ਨਾਲ ਬੁਝਾਉਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?

- ਤੁਹਾਨੂੰ ਹਮੇਸ਼ਾਂ ਆਪਣੀ ਕੈਂਪਫਾਇਰ ਨੂੰ ਪਾਣੀ ਨਾਲ ਪੂਰੀ ਤਰ੍ਹਾਂ ਬੁਝਾਉਣਾ ਚਾਹੀਦਾ ਹੈ ਨਾ ਕਿ ਖੁਰਦੁਰੀ ਮਿੱਟੀ ਪਾਕੇ।
- ਤੁਸੀਂ ਆਪਣੀ ਕੈਂਪ-ਫਾਇਰ ਵਿਚ ਕੋਈ ਵੀ ਗਰਮ ਅੰਗਿਆਰਿਆਂ ਨਹੀਂ ਛੱਡ ਸਕਦੇ।
- ਯਾਦ ਰੱਖੋ, ਜੇ ਤੁਹਾਡਾ ਕੈਮਪਾਇਰ ਸਪਰਸ਼ ਕਰਨ ਨੂੰ ਠੰਡੀ ਹੈ ਤਾਂ ਇਹ ਛੱਡਣਾ ਸੁਰੱਖਿਅਤ ਹੁੰਦਾ ਹੈ।

ਆਪਣੇ ਕੈਂਪਫਾਇਰ ਵਿੱਚ ਕੱਚ, ਅਲਮੀਨੀਅਮ, ਪਲਾਸਟਿਕ, ਕੂੜੇ ਜਾਂ ਭੋਜਨ ਉਤਪਾਦ ਦੇ ਚੂਰੇ ਜਮ੍ਹਾਂ ਨਾ ਕਰੋ। ਕਿਰਪਾ ਕਰਕੇ ਇਹ ਆਪਣੇ ਨਾਲ ਘਰ ਲੈ ਕੇ ਜਾਓ।

ਇਹਨਾਂ ਚੀਜ਼ਾਂ ਨੂੰ ਆਪਣੇ ਕੈਂਪ ਵਾਲੀ ਜਗ੍ਹਾ ਤੇ ਛੱਡਣਾ ਕੂੜਾ ਫੈਲਾਣਾ ਹੈ ਅਤੇ ਉਸੇ ਸਮੇਂ ਜੁਰਮਾਨੇ ਦੇ ਅਧੀਨ ਹੈ।

## ਅੱਗ ਦੀ ਪੂਰੀ ਪਾਬੰਦੀ ਵਾਲੇ ਦਿਨ

ਅੱਗ ਦੀ ਪੂਰੀ ਪਾਬੰਦੀ ਵਾਲੇ ਦਿਨ = ਕੋਈ ਕੈਂਪਫਾਇਰ ਨਹੀਂ, ਠੋਸ ਜਾਂ ਰਸਾਇਣਕ ਬਾਲਣ ਵਾਲੇ ਬਾਰਬੀਕਿਉ

## ਕੀ ਮੈਂ ਅੱਗ ਦੀ ਪੂਰੀ ਪਾਬੰਦੀ ਵਾਲੇ ਦਿਨ ਕੈਪਫਾਇਰ ਜਲਾ ਸਕਦਾ ਹਾਂ?

ਨਹੀਂ

- • ਅੱਗ ਦੀ ਪੂਰੀ ਪਾਬੰਦੀ ਵਾਲੇ ਦਿਨਾਂ ਵਿਚ ਕੈਪਫਾਇਰ ਜਲਾਉਣ ਦੀ ਮਨਾਹੀ ਹੈ।
- • ਜੇ ਆਸ਼ੰਕਾ ਹੋਵੇ, ਤਾਂ ਆਪਣਾ ਕੈਮਪਫਾਈਰ ਨਾ ਜਲਾਓ

# ਮੈਂ ਕੀ ਕਰ ਸਕਦਾ ਹਾਂ ? ਮੈਂ ਕੀ ਨਹੀਂ ਕਰ ਸਕਦਾ ਹਾਂ ?
# ਕੈਂਪਫਾਇਰਜ਼ ਅਤੇ ਬਾਰਬੀਕਿਊ

**ਕੀ ਮੈਂ ਬਾਰਬੀਕਿਊ ਦੀ ਵਰਤੋਂ ਕਰ ਸਕਦਾ ਹਾਂ ਜੋ ਅੱਗ ਦੀ ਪੂਰੀ ਪਾਬੰਦੀ ਦੇ ਦਿਨ ਗੈਸ ਜਾਂ ਬਿਜਲੀ ਨਾਲ ਜਲਾਇਆ ਜਾਂਦਾ ਹੈ?**

ਹਾਂ

ਜਿਹੜਾ ਬਾਰਬੀਕਿਊ ਗੈਸ ਜਾਂ ਬਿਜਲੀ ਦੁਆਰਾ ਜਲਦਾ ਹੈ ਅਤੇ ਜੋ ਸਥਾਈ ਤੋਰ ਤੇ ਪੱਥਰ, ਧਾਤ, ਕੰਕਰੀਟ ਜਾਂ ਹੋਰ ਗੈਰ-ਜਲਣਸ਼ੀਲ ਪਦਾਰਥਾਂ ਦੀ ਪੱਕੀ ਸੰਰਚਨਾ ਵਿੱਚ ਸਥਾਪਤ ਹੋਵੇ ਜਾਂ

ਇੱਕ ਬਾਰਬੀਕਿਊ ਜੋ ਸਿਰਫ ਗੈਸ ਜਾਂ ਬਿਜਲੀ ਦੀ ਵਰਤੋਂ ਕਰਦਾ ਹੈ, ਉਹ ਵਪਾਰਕ ਢੰਗ ਨਾਲ ਸਿਰਫ਼ ਖਾਣੇ ਦੀ ਤਿਆਰੀ ਲਈ ਬਣਾਇਆ ਜਾਂਦਾ ਹੈ (ਪੋਰਟਬਲ ਬਾਰਬੀਕਿਊ ਸਮੇਤ) ਅਤੇ ਜਦੋਂ ਉਹ ਬਲਦਾ ਹੈ ਤਾਂ ਸਥਿਰ ਸਥਿਤੀ ਵਿੱਚ ਰੱਖਿਆ ਜਾਂਦਾ ਹੈ

ਜੇਕਰ

- • ਇਹ ਖਾਣੇ ਦੀ ਤਿਆਰੀ ਦੇ ਉਦੇਸ਼ ਲਈ ਹੈ
- • ਬਾਰਬੀਕਿਊ ਦੇ ਬਾਹਰੀ ਘੇਰੇ ਤੋਂ 3 ਮੀਟਰ ਦੀ ਦੂਰੀ ਦੇ ਅੰਦਰ ਦਾ ਖੇਤਰ ਜਲਣਸ਼ੀਲ ਪਦਾਰਥ ਤੋਂ ਸਾਫ਼ ਹੁੰਦਾ ਹੈ।
- • ਤੁਹਾਡੇ ਕੋਲ ਜਾਂ ਤਾ ਪਾਣੀ ਦੀ ਸਪਲਾਈ ਨਾਲ ਜੁੜੀ ਪਾਈਪ ਹੈ ਜਾਂ ਤੁਰੰਤ ਇਸਤੇਮਾਲ ਲਈ ਘੱਟੋ ਘੱਟ 10 ਲੀਟਰ ਪਾਣੀ ਹੈ।
- • ਜਦੋਂ ਤਕ ਅੱਗ ਬਲ ਰਹੀ ਹੈ ਤਦ ਤਕ ਇਕ ਸਿਆਣਾ ਹਰ ਵੇਲੇ ਉਥੇ ਮੌਜੂਦ ਅਤੇ ਉਸ ਕੋਲ ਅੱਗ ਬੁਝਾਉਣਦੀ ਸਮਰੱਥਾ ਅਤੇ ਸਾਧਨ ਹਨ।
- • ਸਿਆਣੇ ਦੇ ਜਾਣ ਤੋਂ ਪਹਿਲਾਂ ਅੱਗ ਪੂਰੀ ਤਰ੍ਹਾਂ ਬੁਝ ਗਈ ਹੈ।

**ਰਾਸ਼ਟਰੀ ਅਤੇ ਰਾਜ ਪਾਰਕਾਂ ਵਿਚ, ਕੈਂਪਫਾਇਰ ਅਤੇ ਬਾਰਬੀਕਿਊ ਨੂੰ ਸਿਰਫ ਮਨੋਨੀਤ ਅੱਗ ਬਾਲਣ ਵਾਲੀਆਂ ਜਗ੍ਹਾਵਾਂ ਵਿਚ ਹੀ ਬਾਲਿਆ ਜਾ ਸਕਦਾ ਹੈ**

## ਜਾਣਕਾਰੀ ਸ੍ਰੋਤ

- ਜਾਣ ਤੋਂ ਪਹਿਲਾ bom.gov.au ਦੁਆਰਾ ਦਿੱਤੇ ਗਏ ਮੌਸਮ ਦੇ ਲੰਮੇ ਸਮੇਂ ਦੇ ਪੂਰਵ-ਅਨੁਮਾਨਾਂ ਦੀ ਜਾਂਚ ਕਰੋ
- ਅੱਗ ਦੀ ਪੂਰੀ ਪਾਬੰਦੀ ਬਾਰੇ ਪਤਾ ਕਰੋ:

– ਵਿਕ ਐਮਰਜੈਂਸੀ ਹੌਟਲਾਈਨ - 1800 226 226

– emergency.vic.gov.au

– ਵਿਕ ਐਮਰਜੈਂਸੀ ਐਪ

ਸ਼ੱਕੀ ਜਾਂ ਗੈਰ ਕਾਨੂੰਨੀ ਸਰਗਰਮੀ ਦੀ ਰਿਪੋਰਟ ਦੇਣ ਲਈ 136 186

ਜੇ ਤੁਹਾਨੂੰ ਸਹਾਇਤਾ ਦੀ ਜ਼ਰੂਰਤ ਹੈ, ਕਿਰਪਾ ਕਰਕੇ ਅਨੁਵਾਦ ਅਤੇ ਦੁਭਾਸ਼ੀਆ ਨਾਲ ਸਹਾਇਤਾ ਲਈ ਟ੍ਰਾਂਸਲੇਟਿੰਗ ਐਂਡ ਇੰਟ੍ਰਪ੍ਰੇਟਿੰਗ ਸਰਵਿਸ (TIS) ਨਾਲ ਸੰਪਰਕ ਕਰੋ।131 450 (ਆਸਟ੍ਰੇਲੀਆ ਦੇ ਅੰਦਰ) ਤੇ TIS ਨੈਸ਼ਨਲ ਨਾਲ ਸੰਪਰਕ ਕਰੋ ਜਾਂ www.tisnational.gov.au ਵੇਖੋ